# ਜਮਾਤ- ਛੇਵੀਂ
## ਵਿਆਕਰਨ ਭਾਗ (ਅਪ੍ਰੈਲ-ਮਈ)

### ਅੱਖੀਂ ਡਿੱਠਾ ਮੇਲਾ



ਪੰਜਾਬ ਵਿਚ ਵੱਖ-ਵੱਖ ਰੁੱਤਾਂ, ਤਿਉਹਾਰਾਂ ਨਾਲ ਸੰਬੰਧਿਤ ਬਹੁਤ ਸਾਰੇ ਮੇਲੇ ਲੱਗਦੇ ਹਨ। ਹਰਮਨ-ਪਿਆਰੇ ਮੇਲੇ ਵੇਖਣ ਲਈ ਲੋਕਾਂ ਨੂੰ ਚਾਅ ਚੜ੍ਹਿਆ ਰਹਿੰਦਾ ਹੈ। ਵਿਸਾਖੀ ਦਾ ਮੇਲਾ ਹਰ ਸਾਲ 13 ਅਪ੍ਰੈਲ ਨੂੰ ਭਾਰਤ ਵਿਚ ਥਾਂ-ਥਾਂ 'ਤੇ ਲੱਗਦਾ ਹੈ। ਇਹ ਤਿਉਹਾਰ ਹਾੜ੍ਹੀ ਦੀ ਫ਼ਸਲ ਪੱਕਣ ਦੀ ਖ਼ੁਸ਼ੀ ਵਿਚ ਮਨਾਇਆ ਜਾਂਦਾ ਹੈ। ਸਾਡੇ ਪਿੰਡ ਤੋਂ ਦੋ ਕੁ ਮੀਲ ਦੀ ਵਿੱਥ 'ਤੇ ਵਿਸਾਖੀ ਦਾ ਮੇਲਾ ਲੱਗਦਾ ਹੈ। ਐਤਕੀਂ ਮੈਂ ਆਪਣੇ ਪਿਤਾ ਜੀ ਨਾਲ ਮੇਲਾ ਵੇਖਣ ਲਈ ਗਿਆ। ਰਸਤੇ ਵਿਚ ਮੈਂ ਦੇਖਿਆ ਕਿ ਬਹੁਤ ਸਾਰੇ ਬੱਚੇ, ਬੁੱਢੇ ਤੇ ਨੌਜਵਾਨ ਮੇਲਾ ਵੇਖਣ ਲਈ ਜਾ ਰਹੇ ਸਨ। ਸਾਰਿਆਂ ਨੇ ਨਵੇਂ ਕੱਪੜੇ ਪਾਏ ਹੋਏ ਹੋਏ ਸਨ। ਰਸਤੇ ਵਿਚ ਅਸੀਂ ਕੁੱਝ ਕਿਸਾਨਾਂ ਨੂੰ ਕਣਕ ਦੀ ਵਾਢੀ ਦਾ ਸ਼ਗਨ ਕਰਦਿਆਂ ਵੀ ਦੇਖਿਆ।

ਮੇਰੇ ਪਿਤਾ ਜੀ ਨੇ ਮੈਨੂੰ ਦੱਸਿਆ ਕਿ ਵਿਸਾਖੀ ਨੂੰ ਹਾੜ੍ਹੀ ਦੀ ਫ਼ਸਲ ਦੇ ਪੱਕਣ ਦੀ ਖ਼ੁਸ਼ੀ ਵਿਚ ਮਨਾਇਆ ਜਾਂਦਾ ਹੈ। ਇਸ ਮਹਾਨ ਦਿਨ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਚ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਸੇ ਦਿਨ ਹੀ ਜ਼ਾਲਮ ਅੰਗਰੇਜ਼ ਜਨਰਲ ਡਾਇਰ ਨੇ ਜਲਿਆਂ ਵਾਲ਼ਾ ਬਾਗ ਅੰਮ੍ਰਿਤਸਰ ਵਿਚ ਨਿਹੱਥੇ ਲੋਕਾਂ ਉੱਪਰ ਗੋਲੀ ਚਲਾਈ ਸੀ।

ਇਹ ਗੱਲਾਂ ਕਰਦਿਆਂ ਹੀ ਅਸੀਂ ਮੇਲੇ ਵਿਚ ਪਹੁੰਚ ਗਏ। ਮੇਲੇ ਵਿਚ ਵਾਜੇ ਵੱਜਣ, ਢੋਲ ਖੜਕਣ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਮੇਲੇ ਵਿਚ ਕਾਫ਼ੀ ਭੀੜ-ਭੜੱਕਾ ਅਤੇ ਰੌਲਾ-ਰੱਪਾ ਸੀ। ਆਲੇ-ਦੁਆਲੇ ਮਠਿਆਈਆਂ, ਖਿਡੌਣਿਆਂ ਦੀਆਂ ਦੁਕਾਨਾਂ ਸਜੀਆਂ ਹੋਈਆਂ ਸਨ। ਅਸੀਂ ਮਠਿਆਈ ਦੀ ਇਕ ਦੁਕਾਨ ਉੱਤੇ ਬੈਠ ਕੇ ਤੱਤੀਆਂ-ਤੱਤੀਆਂ ਜਲੇਬੀਆਂ ਖਾਧੀਆਂ। ਸਾਡੇ ਨੇੜੇ ਹੀ ਕੁੱਝ ਜੱਟ ਜਲੇਬੀਆਂ ਤੇ ਪਕੌੜੇ ਖਾ ਰਹੇ ਸਨ ਤੇ ਨਾਲ ਹੀ ਉਹ ਸ਼ਰਾਬ ਪੀ ਕੇ ਬੜ੍ਹਕਾਂ ਮਾਰ ਰਹੇ ਸਨ।ਮੇਲੇ ਵਿਚ ਬੱਚੇ ਤੇ ਕੁੜੀਆਂ ਪੰਘੂੜੇ ਝੂਟ ਰਹੇ ਸਨ। ਮੈਂ ਵੀ ਪੰਘੂੜੇ ਵਿਚ ਝੂਟੇ ਲਏ ਤੇ ਫਿਰ ਜਾਦੂਗਰ ਦੇ ਖੇਲ੍ਹ। ਜਿਉਂ-ਜਿਉਂ ਦਿਨ ਬੀਤ ਰਿਹਾ ਸੀ, ਮੇਲੇ ਦੀ ਭੀੜ ਵਧਦੀ ਜਾ ਰਹੀ ਸੀ। ਇਕ ਪਾਸੇ ਅਸੀਂ ਫੁੱਟਬਾਲ ਦਾ ਮੈਚ ਵੀ ਦੇਖਿਆ। ਇੰਨੇ ਨੂੰ ਸੂਰਜ ਛਿਪ ਰਿਹਾ ਸੀ। ਨੇੜੇ ਦੀ ਦੁਕਾਨ ਤੋਂ ਅਸੀਂ ਮਠਿਆਈ ਖ਼ਰੀਦੀ ਅਤੇ ਪਿੰਡ ਦਾ ਰਸਤਾ ਫੜ ਲਿਆ। ਕਾਫ਼ੀ ਹਨੇਰੇ ਹੋਏ ਅਸੀਂ ਘਰ ਪਹੁੰਚੇ ।

### ਗਰਮੀ ਦੀ ਰੁੱਤ



ਪੰਜਾਬ ਬਹੁਰੰਗੀਆਂ ਰੁੱਤਾਂ ਦਾ ਦੇਸ਼ ਹੈ। ਇਸ ਵਿਚ ਅਤਿ ਦੀ ਸਰਦੀ ਵੀ ਪੈਂਦੀ ਹੈ ਤੇ ਅੱਤ ਦੀ ਗਰਮੀ ਵੀ। ਗਰਮੀ-ਸਰਦੀ ਤੋਂ ਬਿਨਾਂ ਬਰਸਾਤ, ਪੱਤਝੜ ਤੇ ਬਸੰਤ ਇੱਥੋਂ ਦੀਆਂ ਹੋਰ ਪ੍ਰਸਿੱਧ ਰੁੱਤਾਂ ਹਨ।ਪੰਜਾਬ ਵਿਚ ਜੇਠ-ਹਾੜ ਅਰਥਾਤ ਮਈ-ਜੂਨ ਗਰਮੀ ਦੇ ਮਹੀਨੇ ਮੰਨੇ ਜਾਂਦੇ ਹਨ। ਇਨ੍ਹਾਂ ਮਹੀਨਿਆਂ ਵਿਚ ਪੰਜਾਬ ਵਿਚ ਅਤਿ ਦੀ ਗਰਮੀ ਪੈਂਦੀ ਹੈ। ਸੂਰਜ ਅਸਮਾਨ ਵਿਚ ਸਿਖਰ ਉੱਤੇ ਪੁੱਜ ਜਾਂਦਾ ਹੈ ਤੇ ਅੱਗ ਵਰਾਉਂਦਾ ਹੈ। ਜੁਲਾਈ-ਅਗਸਤ ਵਿਚ ਮੀਂਹ ਪੈਣ ਨਾਲ ਗਰਮੀ ਘਟਣ ਲਗਦੀ ਹੈ। ਜੂਨ ਵਿਚ ਗਰਮੀ ਦਾ ਤਾਪਮਾਨ ਕਈ ਵਾਰੀ 48º ਸੈਲਸੀਅਸ ਤਕ ਪਹੁੰਚ ਜਾਂਦਾ ਹੈ। ਲੋਕਾਂ ਨੂੰ ਰੁੱਖਾਂ ਦੀਆਂ ਠੰਢੀਆਂ ਛਾਂਵਾਂ, ਪੱਖਿਆਂ, ਕਲਰਾਂ ਤੇ ਏਅਰ ਕੰਡੀਸ਼ਨਰਾਂ ਦਾ ਸਹਾਰਾ ਲੈਣਾ ਪੈਂਦਾ ਹੈ। ਬਾਹਰ ਧੁੱਪ ਵਿਚ ਨਿਕਲਣਾ ਬਹੁਤ ਔਖਾ ਹੁੰਦਾ ਹੈ। ਸਿਰ ਨੂੰ ਪੱਗ, ਪਰਨੇ ਜਾਂ ਟੋਪੀ ਨਾਲ ਢੱਕਣ ਜਾਂ ਛਤਰੀ ਲੈਣ ਨਾਲ ਹੀ ਕੁੱਝ ਚੈਨ ਮਿਲਦਾ ਹੈ। ਪਾਣੀ ਪੀ-ਪੀ ਕੇ ਪਿਆਸ ਨਹੀਂ ਬੁਝਦੀ। ਲੋਕ ਘੜੇ ਕੂਲਰ ਜਾਂ ਫਰਿਜ਼ ਦਾ ਠੰਢਾ ਪਾਣੀ ਪੀਂਦੇ ਹਨ।

ਕਈ ਲੋਕ ਸ਼ਰਬਤ, ਸ਼ਕੰਜਵੀ, ਲੱਸੀ, ਸੱਤੂ ਜਾਂ ਸ਼ਰਦਾਈ ਦੀ ਵਰਤੋਂ ਵੀ ਕਰਦੇ ਹਨ। ਇਸ ਤੋਂ ਬਿਨਾਂ ਗਰਮੀ ਤੋਂ ਬਚਣ ਲਈ ਕੋਕਾ ਕੋਲਾ, ਪੈਪਸੀ ਜਾਂ ਹੋਰ ਸੋਢੇ ਦੀਆਂ ਬੋਤਲਾਂ ਪੀਤੀਆਂ ਜਾਂਦੀਆਂ ਹਨ ਅਤੇ ਆਈਸ-ਕ੍ਰੀਮ ਤੇ ਕੁਲਫੀਆਂ ਖਾਧੀਆਂ ਜਾਂਦੀਆਂ ਹਨ। ਵਿਹੜੇ ਤੇ ਕਮਰੇ ਠੰਢੇ ਰੱਖਣ ਲਈ ਪਾਣੀ ਦਾ ਛਿੜਕਾ ਕੀਤਾ ਜਾਂਦਾ ਹੈ। ਦਿਨ ਵਿਚ ਦੋ ਜਾਂ ਤਿੰਨ ਵਾਰੀ ਠੰਢੇ ਪਾਣੀ ਨਾਲ ਇਸ਼ਨਾਨ ਕੀਤਾ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਪਸ਼ੂਆਂ ਤੇ ਪੰਛੀਆਂ ਦਾ ਵੀ ਬੁਰਾ ਹਾਲ ਹੁੰਦਾ ਹੈ।ਗਰਮੀ ਦੀ ਰੁੱਤ ਤੋਂ ਤੰਗ ਆਏ ਲੋਕ ਮੀਂਹ ਮੰਗਦੇ ਹਨ। ਮੀਂਹ ਪੈਣ ਨਾਲ ਤਪਸ਼ ਜ਼ਰੂਰ ਘਟ ਜਾਂਦੀ ਹੈ, ਪਰ ਸਰੀਰ ਵਿਚੋਂ ਪਸੀਨੇ ਦੇ ਹੜ੍ਹ ਵਗਣ ਲਗਦੇ ਹਨ। ਗਰਮੀ ਦੀ ਰੁੱਤ ਵਿਚ ਧੁੱਪ ਦੀਆਂ ਸਿੱਧੀਆਂ ਕਿਰਨਾਂ ਪੈਣ ਨਾਲ ਕਈ ਲੋਕ ਸਨ-ਸਟਰੋਕ ਨਾਲ ਮੌਤ ਦੇ ਸ਼ਿਕਾਰ ਹੋ ਜਾਂਦੇ ਹਨ।

ਸਾਨੂੰ ਗਰਮੀ ਤੋਂ ਬਚਣ ਲਈ ਕੁੱਝ ਉਪਾਅ ਜ਼ਰੂਰ ਕਰਨੇ ਚਾਹੀਦੇ ਹਨ। ਇਸ ਮੌਸਮ ਵਿਚ ਲੂਣ ਮਿਲਿਆ ਨਿੰਬੂ-ਪਾਣੀ ਵਧੇਰੇ ਲਾਭਦਾਇਕ ਰਹਿੰਦਾ ਹੈ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸੂਰਜ ਦੀ ਗਰਮੀ ਧਰਤੀ ਦੇ ਜੀਵਾਂ ਤੇ ਬਨਸਪਤੀ ਲਈ ਇੱਕ ਵਰਦਾਨ ਹੈ। ਇਸ ਤੋਂ ਬਿਨਾਂ ਧਰਤੀ ਉੱਪਰ ਜੀਵਨ ਦੀ ਹੋਂਦ ਸੰਭਵ ਨਹੀਂ।

# ਮੇਰਾ ਪਿੰਡ




ਭਾਰਤ ਪਿੰਡਾਂ ਦਾ ਦੇਸ਼ ਹੈ। ਇਸਦੀ ਬਹੁਤੀ ਅਬਾਦੀ ਪਿੰਡਾਂ ਵਿਚ ਵਸਦੀ ਹੈ। ਪਹਿਲਾਂ ਸਾਡੇ ਪਿੰਡ ਬਹੁਤ ਪਛੜੇ ਹੋਏ ਸਨ। ਨਾ ਉੱਥੇ ਪੱਕੀਆਂ ਸੜਕਾਂ ਸਨ, ਨਾ ਆਵਾਜਾਈ ਦੇ ਮਸ਼ੀਨੀ ਸਾਧਨ ਤੇ ਨਾ ਹੀ ਬਿਜਲੀ। ਪ੍ਰਤੂੰ ਵਰਤਮਾਨ ਪਿੰਡ ਸ਼ਹਿਰਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹਨ।

ਮੇਰੇ ਪਿੰਡ ਦਾ ਨਾਂ ਪੱਖੀ ਖੁਰਦ ਹੈ। ਮੇਰੇ ਪਿੰਡ ਵਿਚ ਆਂਗਨਵਾੜੀ ਸੈਂਟਰ, ਪ੍ਰਾਇਮਰੀ ਸਕੂਲ ਤੇ ਮਿਡਲ ਸਕੂਲ ਮੌਜੂਦ ਹਨ। ਮੇਰੇ ਪਿੰਡ ਦੇ ਸਕੂਲ ਦੇ ਸਕੂਲ ਦੇ ਅਧਿਆਪਕ ਬਹੁਤ ਮਿਹਨਤੀ ਹਨ। ਜਿਸ ਕਰਕੇ ਮੇਰੇ ਪਿੰਡ ਦਾ ਕੋਈ ਵੀ ਬੱਚਾ ਸਕੂਲੋਂ ਵਿਰਵਾ ਨਹੀਂ ਹੈ। ਮੇਰੇ ਪਿੰਡ ਵਿਚ ਇੱਕ ਸਿਹਤ ਸਹੂਲਤਾਂ ਦੇਣ ਵਾਲੀ ਡਿਸਪੈਂਸਰੀ ਹੈ। ਜਿਸ ਵਿਚ ਸਿਖਲਾਈ ਪ੍ਰਾਪਤ ਡਾਕਟਰ ਹੈ। ਮੇਰੇ ਪਿੰਡ ਵਿਚ ਬਹੁਤ ਸਫ਼ਾਈ ਹੈ। ਹਰੇਕ ਘਰ ਵਿਚ ਫਲੱਸ਼ ਬਣੀ ਹੈ ਤੇ ਘਰਾਂ ਦਾ ਪਾਣੀ ਅੰਡਰ-ਗਰਾਊਂਡ ਨਾਲੀਆਂ ਵਿਚ ਜਾਂਦਾ ਹੈ। ਮੇਰੇ ਪਿੰਡ ਵਿਚ ਵਾਟਰਵਰਕਸ ਅਤੇ ਆਰ.ਓ ਸਿਸਟਮ ਵੀ ਹੈ। ਉੱਥੇ ਪੀਣ ਲਈ ਸਾਫ਼-ਸੁਥਰੇ ਪਾਣੀ ਦਾ ਪੂਰਾ ਪ੍ਰਬੰਧ ਹੈ। ਮੇਰੇ ਪਿੰਡ ਦੀਆਂ ਸੜਕਾਂ ਪੱਕੀਆਂ ਹਨ। ਗਲੀਆਂ ਵਿਚ ਇੰਟਰਲਾਕ ਟਾਈਲਾਂ ਲੱਗੀਆਂ ਹਨ।

ਮੇਰੇ ਪਿੰਡ ਵਿਚ ਪੰਚਾਇਤ ਬਹੁਤ ਜ਼ਿੰਮੇਵਾਰੀ ਨਾਲ ਕੰਮ ਕਰਦੀ ਹੈ। ਉਹ ਪਿੰਡ ਵਿਚ ਹੋਣ ਵਾਲੇ ਛੋਟੇ-ਮੋਟੇ ਝਗੜਿਆਂ ਨੂੰ ਵੀ ਨਿਬੇੜਦੀ ਹੈ। ਪੰਚਾਇਤ ਗਲੀਆਂ ਦੀ ਸਫ਼ਾਈ, ਰੌਸ਼ਨੀ ਦੇ ਪ੍ਰਬੰਧ ਨੂੰ ਠੀਕ ਰੱਖਣ ਦਾ ਕੰਮ ਵੀ ਕਰਦੀ ਹੈ।

ਮੇਰੇ ਪਿੰਡ ਵਿਚ ਲਘੂ ਉਦਯੋਗਿਕ ਇਕਾਈਆਂ ਵੀ ਕਾਇਮ ਹੋਈਆਂ ਹਨ, ਜੋ ਬੇਰੁਜ਼ਗਾਰ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਦੀਆਂ ਹਨ, ਜਿਸ ਨਾਲ ਖ਼ੁਸ਼ਹਾਲੀ ਤੇ ਵਿਕਾਸ ਵਿਚ ਵਾਧਾ ਹੁੰਦਾ ਹੈ। ਮੇਰੇ ਪਿੰਡ ਦੀਆਂ ਔਰਤਾਂ ਅਨਪੜ੍ਹ ਨਹੀਂ ਤੇ ਨਾ ਹੀ ਸਿਰਫ਼ ਘਰਾਂ ਦੇ ਕੰਮ ਕਰਦੀਆਂ ਹਨ। ਉਹ ਕਈ ਪ੍ਰਕਾਰ ਦੀਆਂ ਟ੍ਰੇਨਿਗਾਂ ਪ੍ਰਾਪਤ ਕਰ ਕੇ ਤੇ ਨੌਕਰੀਆਂ ਉੱਤੇ ਲੱਗ ਕੇ ਆਪਣੇ ਪੈਰਾਂ ਉੱਤੇ ਖੜੀਆਂ ਹੋ ਰਹੀਆਂ ਹਨ।ਮੈਂ ਪਰਮਾਤਮਾਂ ਅੱਗੇ ਇਹੀ ਅਰਦਾਸ ਕਰਦਾ/ਕਰਦੀ ਹਾਂ ਕਿ ਮੇਰਾ ਪਿੰਡ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ।

# ਅੱਧੇ ਦਿਨ ਦੀ ਛੁੱਟੀ ਲੈਣ ਲਈ ਬਿਨੈ-ਪੱਤਰ

ਸੇਵਾ ਵਿਖੇ

ਮੁੱਖ ਅਧਿਆਪਕ ਜੀ,

ਸਰਕਾਰੀ……… ਸਕੂਲ,

ਪਿੰਡ ……………,

…………………।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਨੂੰ ਅੱਜ ਅੱਧੀ ਛੁੱਟੀ ਤੋਂ ਬਾਅਦ ਘਰ ਵਿਚ ਇੱਕ ਜ਼ਰੂਰੀ ਕੰਮ ਪੈ ਗਿਆ ਹੈ। ਇਸ ਕਰਕੇ ਮੈਨੂੰ ਅੱਧੇ ਦਿਨ ਦੀ ਛੁੱਟੀ ਦਿੱਤੀ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਅਗਿਆਕਾਰੀ,

……………………,

ਰੋਲ ਨੰਬਰ …………,

ਮਿਤੀ …ਮਈ, 2020

ਜਮਾਤ ……………।

## ਆਪਣੇ ਮਿੱਤਰ/ਸਹੇਲੀ ਨੂੰ ਭਰਾ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਸੱਦਾ-ਪੱਤਰ

ਪ੍ਰੀਖਿਆ ਭਵਨ

ਸਰਕਾਰੀ ……… ਸਕੂਲ,

……………………।

……ਮਈ, 2020

ਪਿਆਰੇ ……………,

ਸਤਿ ਸ੍ਰੀ ਅਕਾਲ।

ਤੈਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਮੇਰੇ ਵੱਡੇ ਭਰਾ ਦਾ ਵਿਆਹ 24 ਮਈ ਨੂੰ ਹੋ ਰਿਹਾ ਹੈ। ਮੈਂ ਤੈਨੂੰ ਵਿਆਹ ਦਾ ਕਾਰਡ ਵੀ ਭੇਜ ਦਿੱਤਾ ਹੈ। ਮੈਂ ਚਾਹੁੰਦਾ/ਚਾਹੁੰਦੀ ਹਾਂ ਕਿ ਤੂੰ ਵਿਆਹ ਤੋਂ ਕੁਝ ਦਿਨ ਪਹਿਲਾਂ ਆ ਜਾਵੀਂ। ਤੈਨੂੰ ਪਤਾ ਹੀ ਹੈ ਕਿ ਵਿਆਹ ਸਮੇਂ ਬਹੁਤ ਕੰਮ ਹੁੰਦੇ ਹਨ। ਤੇਰੇ ਸਾਥ ਨਾਲ਼ ਮੈਨੂੰ ਖੁਸ਼ੀ ਮਿਲੇਗੀ। ਉਮੀਦ ਕਰਦਾ ਕਿ ਤੂੰ ਵਿਆਹ ਤੋਂ ਪਹਿਲਾਂ ਪਹੁੰਚ ਜਾਵੇਂਗਾ।

ਤੇਰਾ ਦੋਸਤ

…………।

## ਦਰਜ਼ੀ ਅਤੇ ਹਾਥੀ (ਕਹਾਣੀ)



ਇਕ ਰਾਜੇ ਕੋਲ ਇਕ ਹਾਥੀ ਸੀ। ਮਹਾਵਤ ਹਾਥੀ ਨੂੰ ਹਰ ਰੋਜ਼ ਨਦੀ ਵਿਚ ਨਹਾਉਣ ਲਈ ਲੈ ਕੇ ਜਾਂਦਾ ਹੁੰਦਾ ਸੀ। ਦਰਿਆ ਦੇ ਰਸਤੇ ਵਿਚ ਬਜ਼ਾਰ ਵਿਚ ਇਕ ਦਰਜ਼ੀ ਦੀ ਦੁਕਾਨ ਸੀ। ਦਰਿਆ ਨੂੰ ਜਾਂਦਾ ਹੋਇਆ ਹਾਥੀ ਹਰ ਰੋਜ਼ ਦਰਜ਼ੀ ਦੀ ਦੁਕਾਨ ਕੋਲ ਰੁਕ ਜਾਂਦਾ ਸੀ। ਦਰਜ਼ੀ ਇਕ ਨਰਮ ਦਿਲ ਆਦਮੀ ਸੀ। ਉਹ ਹਰ ਰੋਜ਼ ਹਾਥੀ ਨੂੰ ਕੋਈ ਨਾ ਕੋਈ ਚੀਜ਼ ਖਾਣ ਨੂੰ ਦਿੰਦਾ। ਇਸ ਤਰ੍ਹਾਂ ਹਾਥੀ ਅਤੇ ਦਰਜ਼ੀ ਆਪਸ ਵਿਚ ਮਿੱਤਰ ਬਣ ਗਏ। ਇਕ ਦਿਨ ਦਰਜ਼ੀ ਘਰੋਂ ਆਪਣੀ ਪਤਨੀ ਨਾਲ ਲੜ ਕੇ ਆਇਆ ਸੀ। ਉਸ ਦਾ ਮਨ ਗੁੱਸੇ ਨਾਲ ਭਰਿਆ ਹੋਇਆ ਸੀ। ਇਸੇ ਵੇਲੇ ਹਾਥੀ ਵੀ ਉੱਥੇ ਆ ਗਿਆ। ਉਸ ਨੇ ਆਪਣੀ ਸੁੰਡ ਦੁਕਾਨ ਦੇ ਅੰਦਰ ਕੀਤੀ। ਦਰਜ਼ੀ ਨੇ ਉਸ ਨੂੰ ਕੁੱਝ ਵੀ ਖਾਣ ਲਈ ਨਾ ਦਿੱਤਾ, ਸਗੋਂ ਉਸ ਦੀ ਸੁੰਡ ਵਿਚ ਸੂਈ ਚੋਭ ਦਿੱਤੀ। ਹਾਥੀ ਨੂੰ ਦਰਜ਼ੀ ਦੀ ਇਸ ਕਰਤੂਤ 'ਤੇ ਬਹੁਤ ਗੁੱਸਾ ਆਇਆ। ਉਹ ਦਰਿਆ 'ਤੇ ਪੁੱਜਾ। ਉਸ ਨੇ ਆਪਣੀ ਸੁੰਡ ਵਿਚ ਚਿੱਕੜ ਵਾਲਾ ਪਾਣੀ ਭਰ ਲਿਆ। ਵਾਪਸੀ 'ਤੇ ਉਸ ਨੇ ਸਾਰਾ ਚਿੱਕੜ ਲਿਆ ਕੇ ਦਰਜ਼ੀ ਦੀ ਦੁਕਾਨ ਵਿਚ ਸੁੱਟ ਦਿੱਤਾ । ਦਰਜ਼ੀ ਦੇ ਸਾਰੇ ਕੱਪੜੇ ਖ਼ਰਾਬ ਹੋ ਗਏ । ਉਹ ਡਰਦਾ ਦੁਕਾਨ ਛੱਡ ਕੇ ਦੌੜ ਗਿਆ। ਇਸ ਤਰ੍ਹਾਂ ਹਾਥੀ ਨੇ ਆਪਣਾ ਬਦਲਾ ਲੈ ਲਿਆ।

ਸਿੱਖਿਆ - ਜਿਹਾ ਕਰੋਗੇ ਤਿਹਾ ਭਰੋਗੇ।

**ਸ੍ਵਰ :** ਸ੍ਵਰ ਉਹ ਧੁਨੀਆਂ ਹਨ, ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ ਅੰਗ ਕੋਈ ਰੁਕਾਵਟ ਨਹੀਂ ਪਾਉਂਦੇ। ਅਵਾਜ਼ ਮੂੰਹ ਚੋਂ ਬੇਰੋਕ ਬਾਹਰ ਨਿਕਲਦੀ ਹੈ। ੳ, ਅ, ੲ ਤਿੰਨ ਸ੍ਵਰ ਅੱਖਰ ਹਨ ਪਰ ਉਚਾਰਨ ਪੱਖੋਂ ਸ੍ਵਰ-ਧੁਨੀਆਂ ਦਸ ਹਨ।

ਅ ਆ ਇ ਈ ਉ ਊ ਏ ਐ ਓ ਔ

**ਵਿਅੰਜਨ :** ਵਿਅੰਜਨ ਉਹ ਧੁਨੀਆਂ ਹਨ ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ ਅੰਗ ਥੋੜ੍ਹੀ-ਬਹੁਤ ਰੁਕਾਵਟ ਪਾਉਂਦੇ ਹਨ। ਇਹਨਾਂ ਨੂੰ ਬੋਲਣ ਸਮੇਂ ਜੀਭ ਕਦੇ ਤਾਲੂ ਨਾਲ਼ ਅਤੇ ਕਦੇ ਦੰਦਾਂ ਦੇ ਅੰਦਰਲੇ ਪਾਸੇ ਛੂੰਹਦੀ ਹੈ ਕਈ ਵਾਰੀ ਬੁੱਲ੍ਹ ਥੋੜੀ ਦੇਰ ਲਈ ਮੀਟੇ ਜਾਂਦੇ ਹਨ। ਪੰਜਾਬੀ ਵਰਨ-ਮਾਲਾ ਵਿਚ ਸ ਤੋਂ ਲ਼ ਤੱਕ 38 ਵਿਅੰਜਨ ਅੱਖਰ ਹਨ।

**ਅਨੁਨਾਸਿਕੀ ਵਿਅੰਜਨ :** ਅਨੁਨਾਸਿਕੀ ਵਿਅੰਜਨ ਉਹ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਨ ਸਮੇਂ ਕੁਝ ਅਵਾਜ਼ ਨੱਕ ਵਿਚੋਂ ਨਿਕਲਦੀ ਹੈ। ਗੁਰਮੁਖੀ ਲਿਪੀ ਵਿਚ ਇਹਨਾਂ ਧੁਨੀਆਂ ਨੂੰ ਅੰਕਿਤ ਕਰਨ ਲਈ ਹੇਠ ਲਿਖੇ ਪੰਜ ਅੱਖਰ ਹਨ :

ਙ ਞ ਣ ਨ ਮ

**ਦੁੱਤ ਅੱਖਰ :** ਉਹ ਅੱਖਰ ਜੋ ਦੋ ਅੱਖਰਾਂ ਦੇ ਮੇਲ਼ ਤੋਂ ਬਣੇ ਉਸ ਨੂੰ ਦੁੱਤ ਅੱਖਰ ਕਿਹਾ ਜਾਂਦਾ ਹੈ। ਇਸ ਅੱਖਰ ਦੂਜੇ ਦੇ ਪੈਰ ਵਿਚ ਲਿਖਿਆ ਜਾਂਦਾ ਹੈ। ਗੁਰਮੁਖੀ ਲਿਪੀ ਵਿਚ ਕੇਵਲ ਤਿੰਨ ਅੱਖਰਾਂ ਦੀ ਵਰਤੋਂ ਪੈਰ ਵਿਚ ਕੀਤੀ ਜਾਂਦੀ ਹੈ।

ਹ (ਪੜ੍ਹਾਈ) ਰ (ਪ੍ਰਸ਼ਨ) ਵ (ਸ੍ਵਰ)

**ਲਗਾਂ :** ਲਗਾਂ ਸ੍ਵਰ-ਧੁਨੀਆਂ ਨੂੰ ਅੰਕਿਤ ਕਰਨ ਵਾਲ਼ੇ ਲਿਪੀ-ਚਿੰਨ੍ਹ ਹਨ। ਪੰਜਾਬੀ ਧੁਨੀਆਂ ਤੋਂ ਬਣਦੇ ਸ਼ਬਦਾਂ ਨੂੰ ਅੰਕਿਤ ਕਰਨ ਲਈ ਗੁਰਮੁਖੀ ਅੱਖਰਾਂ ਨਾਲ਼ ਕੁਝ ਲਗਾਂ ਲੱਗਦੀਆਂ ਹਨ। ਅੱਖਰਾਂ ਤੋਂ ਬਿਨ੍ਹਾਂ ਲਗਾਂ ਦਾ ਕੋਈ ਮਹੱਤਵ ਨਹੀਂ ਹੈ। ਗੁਰਮੁਖੀ ਲਿਪੀ ਦੀਆਂ ਦਸ ਲਗਾਂ ਹਨ।

| | | | | |
|---|---|---|---|---|
| ਮੁਕਤਾ (ਸ) | ਕੰਨਾ (ਸਾ) | ਸਿਹਾਰੀ (ਸਿ) | ਬਿਹਾਰੀ (ਸੀ) | ਔਂਕੜ (ਸੁ) |
| ਦੁਲੈਂਕੜ (ਸੂ) | ਲਾਂ (ਸੇ) | ਦੁਲਾਵਾਂ (ਸੈ) | ਹੋੜਾ (ਸੋ) | ਕਨੌੜਾ (ਸੌ) |

**ਲਗਾਖਰ :** ਲਗਾਂ ਦਾ ਸੰਬੰਧ ਅੱਖਰਾਂ ਨਾਲ਼ ਹੁੰਦਾ ਹੈ। ਅੱਖਰਾਂ ਅਤੇ ਲਗਾਂ ਦੇ ਮੇਲ਼ ਤੋਂ ਲਗਾਖਰ ਬਣਦਾ ਹੈ। ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਅੱਖਰਾਂ ਨਾਲ਼ ਹੁੰਦੀ ਹੈ। ਗੁਰਮੁਕੀ ਲਿਪੀ ਵਿਚ ਤਿੰਨ ਲਗਾਖਰ ਹਨ।

ਬਿੰਦੀ (ਮਾਂ) ਟਿੱਪੀ (ਅੰਕ) ਅੱਧਕ (ਸੱਪ)

## ਨਾਂਵ

ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਹਾਲਾਤ, ਗੁਣ, ਭਾਵ ਆਦਿ ਲਈ ਵਰਤੇ ਜਾਂਦੇ ਸ਼ਬਦਾ ਨੂੰ ਨਾਂਵ ਕਿਹਾ ਜਾਂਦਾ ਹੈ; ਜਿਵੇ- ਰਸੋਈ, ਇਲਾਚੀ, ਅੰਬਚੂਰ ਆਦਿ।

**ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :**

1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ
2. ਖ਼ਾਸ ਨਾਂਵ
3. ਇਕੱਠਵਾਚਕ ਨਾਂਵ
4. ਭਾਵਵਾਚਕ ਨਾਂਵ
5. ਪਦਾਰਥਵਾਚਕ ਨਾਂਵ

1. **ਆਮ ਨਾਂਵ ਜਾਂ ਜਾਤੀ ਵਾਚਕ ਨਾਂਵ** – ਜਿਹੜੇ ਸ਼ਬਦ ਕਿਸੇ ਜਾਤੀ ਦੀ ਹਰ ਇੱਕ ਵਸਤੂ ਲਈ ਲਈ ਸਾਂਝੇ ਤੌਰ ਤੇ ਵਰਤੇ ਜਾਣ, ਉਹਨਾਂ ਨੂੰ ਆਂਮ ਨਾਂਵ ਕਿਹਾ ਜਾਂਦਾ ਹੈ; ਜਿਵੇਂ- ਦੇਸ, ਮੁੰਡਾ, ਪਿੰਡ ਆਦਿ।
2. **ਖਾਸ ਨਾਂਵ** – ਜਿਹੜੇ ਸ਼ਬਦ ਕਿਸੇ ਖਾਸ ਵਿਅਕਤੀ, ਵਸਤੂ ਜਾਂ ਸਥਾਨ ਲਈ ਵਰਤੇ ਜਾਣ ਉਹਨਾਂ ਨੂੰ ਖਾਸ ਨਾਂਵ ਕਿਹਾ ਜਾਂਦਾ ਹੈ; ਜਿਵੇਂ- ਭਾਰਤ, ਫ਼ਰੀਦਕੋਟ, ਧਰਮਿੰਦਰ ਆਦਿ।

3. **ਇਕੱਠਵਾਚਕ ਨਾਂਵ** - ਜੋ ਸ਼ਬਦ ਗਿਣਨਯੋਗ ਵਸਤੂਆਂ ਦੇ ਇਕੱਠ ਲਈ ਵਰਤੇ ਜਾਣ, ਉਨ੍ਹਾਂ ਨੂੰ ਇਕੱਠਵਾਚਕ ਨਾਂਵ ਕਿਹਾ ਜਾਂਦਾ ਹੈ; ਜਿਵੇ- ਫੌਜ਼, ਜਮਾਤ, ਸਭਾ ਆਦਿ।
4. **ਵਸਤੂਵਾਚਕ ਨਾਂਵ :** ਜਿਹੜੇ ਸ਼ਬਦਾਂ ਤੋਂ ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲੀਆਂ ਵਸਤੂਆਂ ਦੇ ਨਾਂ ਦਾ ਬੋਧ ਹੋਵੇ, ਉਨ੍ਹਾਂ ਨੂੰ ਵਸਤੂਵਾਚਕ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਪਾਣੀ, ਤੇਲ, ਸੋਨਾ, ਚਾਂਦੀ, ਕੱਪੜਾ, ਮਿੱਟੀ ਆਦਿ।
5. **ਭਾਵਵਾਚਕ ਨਾਂਵ :** ਜਿਹੜੇ ਸ਼ਬਦਾਂ ਤੋਂ ਕਿਸੇ ਭਾਵ, ਗੁਣ ਜਾਂ ਹਾਲਤ ਆਦਿ ਦਾ ਗਿਆਨ ਹੋਵੇ, ਉਨ੍ਹਾਂ ਨੂੰ ਭਾਵਵਾਚਕ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਹਾਸਾ, ਰੋਣਾ, ਸ਼ਰਧਾ, ਸੱਚ, ਖ਼ੁਸ਼ੀ, ਗਮੀ, ਪਿਆਰ ਆਦਿ ।

## ਵਿਸਰਾਮ-ਚਿੰਨ੍ਹ

ਕਿਸੇ ਵੀ ਭਾਸ਼ਾ ਨੂੰ ਲਿਖਤੀ ਰੂਪ ਵਿਚ ਸਰਲ, ਸਪਸ਼ਟ ਅਤੇ ਠੀਕ ਢੰਗ ਨਾਲ਼ ਲਿਖਣ ਲਈ ਵਿਸਰਾਮ-ਚਿੰਨ੍ਹ ਬਹੁਤ ਹੀ ਮਹੱਤਵਪੂਰਨ ਹੁੰਦੇ ਹਨ। ਇਹਨਾਂ ਦੀ ਥਾਂ ਬਦਲ ਜਾਵੇ ਤਾਂ ਅਰਥਾਂ ਵਿਚ ਭਾਰੀ ਤਬਦੀਲੀ ਆ ਜਾਂਦੀ ਹੈ। ਉਦਾਹਰਨ :

ਰੋਕੋ ਨਾ, ਜਾਣ ਦਿਉ -ਜਾਣ ਦੇਣ ਦਾ ਭਾਵ ਹੈ।

ਰੋਕੋ, ਨਾ ਜਾਣ ਦਿਉ -ਰੋਕਣ ਦਾ ਭਾਵ ਹੈ।

1. **ਡੰਡੀ (।)** ਇਹ ਪੂਰਨ ਵਿਸਰਾਮ ਦਾ ਚਿੰਨ੍ਹ ਹੈ। ਇਹ ਸਧਾਰਨ ਵਾਕ ਦੇ ਅੰਤ ਵਿੱਚ ਲਾਇਆ ਜਾਂਦਾ ਹੈ, ਜਿਵੇਂ:- ਹਰਜੀਤ ਸਕੂਲ ਜਾ ਰਿਹਾ ਹੈ।
2. **ਕਾਮਾ (,)** ਕਾਮੇ ਦੀ ਵਰਤੋਂ ਵਾਕ ਵਿੱਚ ਥੋੜ੍ਹਾ ਜਿਹਾ ਠਹਿਰਾਅ ਪੈਦਾ ਕਰਨ ਲਈ ਕੀਤੀ ਜਾਂਦੀ ਹੈ, ਜਿਵੇਂ:- ਅਮਿਤ, ਰਾਮ ਅਤੇ ਸ਼ਾਮ ਖੇਡਣ ਗਏ ।
3. **ਪ੍ਰਸ਼ਨ-ਚਿੰਨ੍ਹ (?)** ਜਿਸ ਵਾਕ ਵਿੱਚ ਕੋਈ ਪ੍ਰਸ਼ਨ ਪੁੱਛਿਆ ਜਾਵੇ, ਉਸ ਵਾਕ ਦੇ ਅੰਤ ਵਿੱਚ ਪ੍ਰਸ਼ਨ-ਚਿੰਨ੍ਹ ਲਾਇਆ ਜਾਂਦਾ ਹੈ, ਜਿਵੇਂ:- ਤੇਰਾ ਨਾਂ ਕੀ ਹੈ?
4. **ਬਿੰਦੀ-ਕਾਮਾ (;)** ਇਸ ਦੀ ਵਰਤੋਂ ਜ਼ਿਆਦਾ ਨਹੀਂ ਹੁੰਦੀ। ਇੱਕੋ ਵਾਕ ਵਿੱਚ ਜਦੋਂ ਕਾਮਾ (,) ਨਾਲੋਂ ਵੱਧ ਅਤੇ ਡੰਡੀ (।) ਨਾਲ਼ੋਂ ਘੱਟ ਵਿਸਰਾਮ ਦੇਣਾ ਹੋਵੇ ਤਾਂ ਬਿੰਦੀ-ਕਾਮੇ (;) ਦੀ ਵਰਤੋਂ ਹੁੰਦੀ ਹੈ, ਜਿਵੇਂ:- ਤੁਹਾਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ; ਤਾਂ ਹੀ ਤੁਸੀਂ ਪਾਸ ਹੋ ਸਕੋਗੇ ।
5. **ਦੁਬਿੰਦੀ (:)** ਜਦੋਂ ਕਿਸੇ ਸ਼ਬਦ ਦੇ ਸਾਰੇ ਅੱਖਰ ਨਾ ਲਿਖੇ ਜਾਣ ਤਾਂ ਦੁਬਿੰਦੀ ਦੀ ਵਰਤੋਂ ਹੁੰਦੀ ਹੈ, ਜਿਵੇਂ:- **ਸ:ਮਿ:ਸ:** (ਸਰਕਾਰੀ ਮਿਡਲ ਸਕੂਲ)।
6. **ਵਿਸਮਕ-ਚਿੰਨ੍ਹ (!)** ਇਹ ਚਿੰਨ੍ਹ ਉਹਨਾਂ ਵਾਕਾਂ ਜਾਂ ਸ਼ਬਦਾਂ ਦੇ ਪਿੱਛੇ ਵਰਤਿਆ ਜਾਂਦਾ ਹੈ, ਜਿਹੜੇ ਮਨ ਦੇ ਕਿਸੇ ਭਾਵ ਖ਼ੁਸ਼ੀ, ਗਮੀ ਜਾਂ ਹੈਰਾਨੀ ਆਦਿ ਪ੍ਰਗਟ ਕਰਦੇ ਹੋਣ, ਜਿਵੇਂ:- ਵਾਹ! ਕਿੰਨਾ ਸੋਹਣਾ ਫੁੱਲ ਹੈ!
7. **ਪੁੱਠੇ ਕਾਮੇ (“ ”)** ਜਦੋਂ ਕਿਸੇ ਦੇ ਕਹੇ ਹੋਏ ਜਾਂ ਲਿਖੇ ਹੋਏ ਸ਼ਬਦਾਂ ਨੂੰ ਉਸੇ ਤਰ੍ਹਾਂ ਉਸੇ ਕਾਲ ਵਿੱਚ ਲਿਖਣਾ ਹੋਵੇ ਤਾਂ ਉਹਨਾਂ ਨੂੰ ਦੋ ਪੁੱਠੇ ਕਾਮੇ ਅਤੇ ਦੋ ਸਿੱਧੇ ਕਾਮਿਆਂ ਵਿੱਚ ਲਿਖਿਆ ਜਾਂਦਾ ਹੈ, ਜਿਵੇਂ:- ਪ੍ਰੀਤ ਨੇ ਅਧਿਆਪਕ ਨੂੰ ਕਿਹਾ, “ਮੈਨੂੰ ਅੱਜ ਛੁੱਟੀ ਚਾਹੀਦੀ ਹੈ।”
8. **ਬ੍ਰੈਕਟ ( )** ਕਿਸੇ ਵਾਕ ਜਾਂ ਸ਼ਬਦ ਦੇ ਅਰਥ ਹੋਰ ਸਪਸ਼ਟ ਕਰਨ ਲਈ ਬ੍ਰੈਕਰ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ:- ਸਿਆਣਪ (ਅਕਲ) ਤੋਂ ਕੰਮ ਲਉ।
9. **ਬਿੰਦੀ (.)** ਇਸ ਦੀ ਵਰਤੋਂ ਸੰਖੇਪ ਵਿਚ ਲਿਖੀਆਂ ਡਿਗਰੀਆਂ ਪਿੱਛੇ ਹੁੰਦੀ ਹੈ, ਜਿਵੇਂ:- ਬੀ.ਏ., ਐੱਮ.ਏ.।
10. **ਛੁੱਟ-ਮਰੋੜੀ (’)** ਬੋਲ-ਚਾਲ ਦੀ ਭਾਸ਼ਾ ਨੂੰ ਲਿਖਣ ਵੇਲੇ ਕੋਈ ਅੱਖਰ ਛਡਿਆ ਜਾਵੇ ਤਾਂ ਛੁੱਟ-ਮਰੋੜੀ ਪਾਈ ਜਾਂਦੀ ਹੈ, ਜਿਵੇਂ:- ਚਿੜੀ ਕੋਠੇ ’ਤੇ ਬੈਠੀ ਹੈ।
11. **ਡੈਸ਼ (–)** ਇਹ ਚਿੰਨ੍ਹ ਕਿਸੇ ਗੱਲ ਨੂੰ ਸਪਸ਼ਟ ਕਰਨ ਲਈ ਵਾਧੂ ਗੱਲ ਕਹਿਣ ਲਈ ਵਰਤਿਆ ਜਾਂਦਾ ਹੈ, ਜਿਵੇਂ:- ਫੁੱਲ-ਜੋ ਬੀਜਿਆ ਜਾਵੇ-ਬਹੁਤ ਵਧੀਆਂ ਹੁੰਦਾ ਹੈ।
12. **ਦੁਬਿੰਦੀ-ਡੈਸ਼ (:– )** ਕਿਸੇ ਸ਼ਬਦ, ਵਾਕ ਦੀ ਵਿਆਖਿਆ ਜਾਂ ਉਦਾਹਰਨ ਦੇਣ ਤੋਂ ਪਹਿਲਾਂ ਇਸ ਚਿੰਨ੍ਹ ਦੀ ਵਰਤੋਂ ਕਤਿੀ ਜਾਂਦੀ ਹੈ, ਜਿਵੇ:-।
13. **ਜੋੜਨੀ (-)** ਇਸ ਦੀ ਵਰਤੋਂ ਹੇਠ ਲਿਖੇ ਅਨੁਸਾਰ ਹੁੰਦੀ ਹੈ।
    ਹਮ-ਉਮਰ, ਚਾਹ-ਪਾਣੀ।

# ਵਿਰੋਧੀ ਸ਼ਬਦ

ਕਿਸੇ ਸ਼ਬਦ ਦੇ ਵਿਰੋਧੀ ਭਾਵਾਂ ਜਾਂ ਅਰਥਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦਾਂ ਨੂੰ ਵਿਰੋਧੀ ਸ਼ਬਦ ਕਿਹਾ ਜਾਂਦਾ ਹੈ।

| | |
|---|---|
| ਉਸਤਤ | ਨਿੰਦਿਆ |
| ਉਚਾਣ | ਨਿਵਾਣ |
| ਉੱਚੀ | ਨੀਵੀਂ, ਹੌਲ਼ੀ |
| ਉਜਾੜਨਾ | ਵਸਾਉਣਾ |
| ਉੱਠਣਾ | ਬੈਠਣਾ |
| ਉਣਨਾ | ਉਧੇੜਨਾ |
| ਉੱਤਰਨਾ | ਚੜ੍ਹਨਾ |
| ਉੱਦਮੀ | ਆਲ਼ਸੀ |
| ਉੱਪਰ | ਹੇਠਾਂ |
| ਓਪਰਾ | ਜਾਣੂ, |
| ਜਾਣਕਾਰ | |
| ਉਰਲਾ | ਪਰਲਾ |
| ਊਚ | ਨੀਚ |
| ਊਣਾ | ਭਰਿਆ |
| ਅਸਲੀ | ਨਕਲੀ |
| ਉੱਚਾ | ਨੀਵਾਂ |
| ਅਗਾਂਹ | ਪਿਛਾਂਹ |
| ਅਨੋਖਾ | ਸਧਾਰਨ |
| ਅਮੀਰ | ਗ਼ਰੀਬ |
| ਅਜ਼ਾਦੀ | ਗ਼ੁਲਾਮੀ |
| ਅੰਤ | ਅਰੰਭ |
| ਅੰਦਰ | ਬਾਹਰ |
| ਅੰਨ੍ਹਾ | ਸੁਜਾਖਾ |
| ਆਸਤਕ | ਨਾਸਤਕ |
| ਆਕੜ | ਨਿਮਰਤਾ |
| ਆਦਰ | ਨਿਰਾਦਰ |
| ਆਪਣਾ | ਪਰਾਇਆ |
| ਆਮ | ਖ਼ਾਸ |
| ਔਖ | ਸੌਖ |
| ਇੱਜ਼ਤ | ਬੇਇਜ਼ਤੀ |
| ਇਮਾਨਦਾਰ | ਬੇਈਮਾਨ |
| ਇੱਥੇ | ਉੱਥੇ |
| ਇੱਧਰ | ਉੱਧਰ |
| ਏਕਤਾ | ਫੁੱਟ |
| ਸਸਤਾ | ਮਹਿੰਗਾ |
| ਸਹੀ | ਗ਼ਲਤ |
| ਸਕਾ | ਮਤਰੇਆ |
| ਸੱਖਣਾ | ਭਰਿਆ |
| ਸੱਚ | ਝੂਠ |
| ਸੱਜਰ | ਤੜਕ |
| ਸੱਜਰਾ | ਬੇਹਾ |
| ਸਰਦੀ | ਗਰਮੀ |







| | |
|---|---|
| ਸੁਰਗ | ਨਰਕ |
| ਸੰਖੇਪ | ਵਿਸਤਾਰ |
| ਸੰਘਣਾ | ਵਿਰਲਾ |
| ਸੰਜੋਗ | ਵਿਯੋਗ |
| ਸਾਫ਼ | ਮੈਲ਼ਾ |
| ਸਿਆਣਾ | ਕਮਲਾ/ ਮੂਰਖ |
| ਸਿੱਧਾ | ਪੁੱਠਾ |
| ਸੁਹਾਗਣ | ਵਿਧਵਾ |
| ਸੁਸਤ | ਚੁਸਤ |
| ਸੁੱਕਾ | ਗਿੱਲਾ, ਹਰਾ |
| ਸੁਖੀ | ਦੁਖੀ |
| ਸੁਚੱਜਾ | ਕੁਚੱਜਾ |
| ਸੋਗ | ਖ਼ੁਸ਼ੀ |
| ਹੱਸਣਾ | ਰੋਣਾ |
| ਹਨੇਰਾ | ਚਾਨਣ |
| ਹਮਾਇਤੀ | ਵਿਰੋਧੀ |
| ਹਲਾਲ | ਹਰਾਮ |
| ਹਾਜ਼ਰ | ਗ਼ੈਰਹਾਜ਼ਰ |
| ਹਾਰ | ਜਿੱਤ |
| ਹਾੜ੍ਹੀ | ਸਾਉਣੀ |
| ਕੱਚਾ | ਪੱਕਾ |
| ਕਠੋਰ | ਨਰਮ, ਕੋਮਲ |
| ਕਪੁੱਤਰ | ਸਪੁੱਤਰ |
| ਕੱਲ੍ਹ | ਅੱਜ |
| ਕਾਲ਼ਾ | ਗੋਰਾ |
| ਕੁੜੱਤਣ | ਮਿਠਾਸ |
| ਕੌੜਾ | ਮਿੱਠਾ |
| ਖੱਟਣਾ | ਗੁਆਉਣਾ |
| ਖਰਾ | ਖੋਟਾ |
| ਖੁੰਢਾ | ਤਿੱਖਾ |
| ਖੁੱਲ੍ਹਾ | ਤੰਗ |
| ਗਰਮੀ | ਸਰਦੀ |
| ਗਿੱਲਾ | ਸੁੱਕਾ |
| ਗੁਣ | ਔਗੁਣ |
| ਗੁਪਤ | ਪ੍ਰਗਟ |
| ਗੂੜ੍ਹਾ | ਫਿੱਕਾ, ਮੱਧਮ |
| ਗੰਦਾ | ਸਾਫ਼ |
| ਘੱਟ | ਵੱਧ |
| ਘਾਟਾ | ਵੱਧ |
| ਚਲਾਕ | ਸਿੱਧਾ |
| ਚੜ੍ਹਦਾ | ਲਹਿੰਦਾ |
| ਚੜ੍ਹਾਈ | ਉਤਰਾਈ |

# ਮੁਹਾਵਰੇ

ਮੁਹਾਵਰੇ ਸ਼ਬਦਾਂ ਦੇ ਉਸ ਇਕੱਠ ਨੂੰ ਆਖਿਆ ਜਾਂਦਾ ਹੈ, ਜਿਨ੍ਹਾਂ ਦੇ ਸ਼ਬਦੀ ਅਰਥ ਹੋਰ ਹੋਣ ਤੇ ਭਾਵ ਅਰਥ ਹੋਰ। ਮੁਹਾਵਰੇ ਕਿਸੇ ਬੋਲੀ ਦੀ ਸਮਰੱਥਾ ਹੁੰਦੇ ਹਨ ।

1. **ਉਸਤਾਦੀ ਕਰਨੀ–** (ਚਲਾਕੀ ਕਰਨੀ) ਸਾਨੂੰ ਕਦੇ ਵੀ ਸਾਊ ਲੋਕਾਂ ਨਾਲ ਉਸਤਾਦੀ ਨਹੀਂ ਕਰਨੀ ਚਾਹੀਦੀ।
2. **ਉੱਲੂ ਬੋਲਣੇ–** (ਸੁੰਨਸਾਨ ਹੋਣਾ ਜਾਂ ਉਜਾੜ ਹੋਣਾ) ਵਿਦੇਸ਼ਾਂ ਵਿੱਚ ਗਏ ਲੋਕਾਂ ਦੇ ਘਰਾਂ ਵਿੱਚ ਉੱਲੂ ਬੋਲਦੇ ਹਨ।
3. **ਉੱਗਲਾਂ ’ਤੇ ਨਚਾਉਣਾ–** (ਕਿਸੇ ਨੂੰ ਵੱਸ ਵਿੱਚ ਰੱਖਣਾ ) ਸੁਲਤਾਨਾ ਸਭ ਨੂੰ ਆਪਣੀਆਂ ਉਂਗਲਾਂ ਤੇ ਨਚਾਉਣਾ ਜਾਣਦੀ ਹੈ।
4. **ਉੱਚਾ–ਨੀਵਾਂ ਬੋਲਣਾ–** (ਨਿਰਾਦਰ ਕਰਨਾ) ਸਿਆਣੇ ਬੱਚੇ ਆਪਣੇ ਤੋਂ ਵੱਡਿਆਂ ਸਾਹਮਣੇ ਕਦੇ ਵੀ ਉੱਚਾ-ਨੀਵਾਂ ਨਹੀਂ ਬੋਲਦੇ।
5. **ਉੱਲੂ ਸਿੱਧਾ ਕਰਨਾ–** (ਮਤਲਬ ਕੱਢਣਾ) ਸਵਾਰਥੀ ਲੋਕ ਆਪਣਾ ਉੱਲੂ ਸਿੱਧਾ ਕਰਕੇ ਤੁਰਦੇ ਬਣਦੇ ਹਨ ।
6. **ਉੱਘ–ਸੁੱਘ ਨਾ ਮਿਲਨਾ–** (ਪਤਾ ਨਾ ਲੱਗਣਾ) ਗਿਆਨ ਸਿੰਘ ਦੇ ਗੁਆਚੇ ਹੋਏ ਪੁੱਤਰ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਮਿਲੀ।
7. **ਉੱਨੀ–ਇੱਕੀ ਦਾ ਫ਼ਰਕ ਹੋਣਾ–** (ਬਹੁਤ ਥੋੜਾ ਫ਼ਰਕ) ਅੰਬਰ ਤੇ ਮਨੀ ਬੇਸ਼ੱਕ ਜੋੜੀਆਂ ਭੈਣਾਂ ਹਨ ਪਰ ਉਹਨਾਂ ਦੇ ਸੁਭਾਅ ’ਚ ਉੱਨੀ-ਇੱਕੀ ਦਾ ਫਰਕ ਤਾਂ ਹੈ ।
8. **ਉੱਸਲਵੱਟੇ ਭੰਨਣੇ–** (ਸੁਸਤੀ ਵਿੱਚ ਪਾਸੇ ਮਾਰਨਾ) ਰਾਜ਼ ਐਵੇਂ ਉੱਸਲਵੱਟੇ ਨਾ ਭੰਨੀ ਜਾ, ਛੇਤੀ ਕੰਮ ਕਰ।
9. **ਅਸਮਾਨ ਸਿਰ ’ਤੇ ਚੁੱਕਣਾ**- (ਬਹੁਤ ਰੌਲਾ ਪਾਉਣਾ) ਅਧਿਆਪਕ ਦੇ ਬਾਹਰ ਜਾਂਦਿਆਂ ਹੀ ਵਿਦਿਆਰਥੀਆਂ ਨੇ ਅਸਮਾਨ ਸਿਰ ’ਤੇ ਚੁੱਕ ਲਿਆ ।
10. **ਅੱਖਾਂ ਚੁਰਾਉਣਾ–** (ਸ਼ਰਮ ਮਹਿਸੂਸ ਕਰਨੀ) ਕੋਈ ਅਜਿਹਾ ਕੰਮ ਨਾ ਕਰੋ, ਜਿਸ ਕਰਕੇ ਆਪਣੇ ਆਪ ਤੋਂ ਹੀ ਅੱਖਾਂ ਚੁਰਾਉਣੀਆਂ ਪੈ ਜਾਣ।

ਗੁਰਪ੍ਰੀਤ ਸਿੰਘ ਰੂਪਰਾ
ਪੰਜਾਬੀ ਮਾਸਟਰ
ਸਮਿਸ ਪੱਖੀ ਖੁਰਦ
ਫ਼ਰੀਦਕੋਟ।
9855800683